ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 10-02-2025 (28 ਮਾਘ ਸੰਮਤ ਨਾਨਕਸ਼ਾਹੀ 556) ਦੇ ਮਤਾ ਨੰਬਰ 186 ਦੀ ਨਕਲ :-**

ਬੀਬੀ ਰਣਜੀਤ ਕੌਰ (ਸੁਪਤਨੀ ਸਵ: ਸ. ਖੇਮਕਰਨ ਸਿੰਘ) ਪਿੰਡ ਬੇਰ ਖੁਰਦ, ਬਲਾਕ ਮਲੌਦ ਤਹਿਸੀਲ ਪਾਇਲ, ਜਿਲ੍ਹਾ ਲੁਧਿਆਣਾ ਵੱਲੋਂ ਆਪਣੇ ਲੜਕੇ ਦੀ ਸ਼ਹੀਦੀ ਸਭਾ ਸਰਹਿੰਦ ਵਿਖੇ ਲਗਾਏ ਗਏ ਲੰਗਰ ਸਮੇਂ ਟਰੈਕਟਰ ਟਰਾਲੀ ਦਾ ਐਕਸੀਡੈਂਟ ਹੋ ਜਾਣ ਕਾਰਨ ਮੌਤ ਹੋ ਜਾਣ ਦਾ ਹਵਾਲਾ ਦੇਂਦਿਆਂ ਸਹਾਇਤਾ ਲੈਣ ਦੀ ਮੰਗ ਪੁੱਜੀ ਹੈ। ਸ੍ਰ. ਰਘਬੀਰ ਸਿੰਘ ਸਹਾਰਨ ਮਾਜਰਾ ਮੈਂਬਰ ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਹੈ, ਪੁੱਜਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਬੀਬੀ ਰਣਜੀਤ ਕੌਰ (ਸੁਪਤਨੀ ਸਵ: ਸ. ਖੇਮਕਰਨ ਸਿੰਘ) ਨੂੰ ਧਰਮ ਅਰਥ ਫੰਡ ਵਿੱਚੋਂ 75,000/-ਅੱਖਰੀਂ ਪੰਝੱਤਰ ਹਜ਼ਾਰ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

*****************************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 93132 (T) ਮਿਤੀ 15-02-2025

ਉਤਾਰਾ: 1. ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।
-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਕੁਲਵੰਤ ਸਿੰਘ ਮੰਨਣ)
ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 10-02-2025 (28 ਮਾਘ ਸੰਮਤ ਨਾਨਕਸ਼ਾਹੀ 556) ਦੇ ਮਤਾ ਨੰਬਰ 191 ਦੀ ਨਕਲ :-**

ਸ੍ਰ. ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਪੁੱਜੀ ਪੱਤ੍ਰਿਕਾ ਅਨੁਸਾਰ ਪਿਛਲੇ ਦਿਨੀਂ ਗੁਰਦੁਆਰਾ ਸ੍ਰੀ ਕੰਧ ਸਾਹਿਬ, ਬਟਾਲਾ ਵਿਖੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕਰਦਿਆਂ ਸ੍ਰ. ਸਤਨਾਮ ਸਿੰਘ ਪਾਰਟ ਟਾਈਮ ਬਿਜਲੀ ਮਿਸਤਰੀ ਦੀ ਡਿੱਗਣ ਕਰਕੇ ਮੌਤ ਹੋ ਗਈ ਸੀ। ਕੁੱਝ ਸਮਾਂ ਪਹਿਲਾਂ ਉਸਦੇ ਇਕਲੌਤੇ ਪੁੱਤਰ ਦੀ ਵੀ ਮੌਤ ਹੋ ਚੁੱਕੀ ਹੈ। ਪਿੱਛੇ ਦੋ ਬੇਟੀਆਂ ਅਤੇ ਉਸ ਦੀ ਬਿਮਾਰ ਪਤਨੀ ਰਹਿ ਗਈ ਹੈ। ਕਮਾਈ ਦਾ ਕੋਈ ਸਾਧਨ ਨਹੀਂ ਰਿਹਾ। ਮ੍ਰਿਤਕ ਸਤਨਾਮ ਸਿੰਘ ਦੇ ਪਰਿਵਾਰ ਨੂੰ ਵੱਧ ਤੋਂ ਵੱਧ ਮਾਲੀ ਸਹਾਇਤਾ ਦੇਣ ਦਾ ਪੁੱਜਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਬੀਬੀ ਗੁਰਮੀਤ ਕੌਰ (ਸੁਪਤਨੀ ਸਵ: ਸ੍ਰ. ਸਤਨਾਮ ਸਿੰਘ) ਨੂੰ ਧਰਮ ਅਰਥ ਫੰਡ ਵਿੱਚੋਂ 2,00,000/-ਅੱਖਰੀਂ ਦੋ ਲੱਖ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 93135(T) ਮਿਤੀ 15-02.-2025

ਉਤਾਰਾ: 1. ਲੇਖਾਕਾਰ ਜੀ,ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਕੁਲਵੰਤ ਸਿੰਘ ਮੰਨਣ)
ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

੧ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 10-02-2025 (28 ਮਾਘ ਸੰਮਤ ਨਾਨਕਸ਼ਾਹੀ 556) ਦੇ ਮਤਾ ਨੰਬਰ 194 ਦੀ ਨਕਲ :-**

ਸ੍ਰ. ਮੇਜਰ ਸਿੰਘ ਕਬੱਡੀ ਕੋਚ, ਸ੍ਰ. ਜਰਮਨਜੀਤ ਸਿੰਘ ਕਪਤਾਨ ਅਨੁਸਾਰ ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਕਬੱਡੀ ਟੀਮ ਵਿੱਚ ਸ੍ਰ. ਸੁਮਨਪ੍ਰੀਤ ਸਿੰਘ (ਸਪੁੱਤਰ ਸ੍ਰ. ਰਣਧੀਰ ਸਿੰਘ) ਪਿੰਡ ਹਿੰਮਤਪੁਰਾ ਨੌਕਰ (ਹਰਿਆਣਾ) ਨੇ ਨਿਰਸਵਾਰਥ, ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਕਬੱਡੀ ਟੀਮ ਵਿੱਚ ਖੇਡ ਕੇ ਸਮੇਂ-ਸਮੇਂ ਤੇ ਵੱਖ-ਵੱਖ ਪੁਜੀਸ਼ਨਾਂ ਹਾਸਲ ਕਰਵਾਈਆਂ ਹਨ। ਟੀਮ ਵਿੱਚ ਖੇਡਦਿਆਂ ਗੋਡੇ ਉੱਪਰ ਸੱਟ ਲੱਗ ਗਈ ਹੈ, ਜਿਸ ਦੇ ਉਪਰੇਸ਼ਨ ਤੇ ਦੋ ਤੋਂ ਢਾਈ ਲੱਖ ਰੁਪਏ ਖਰਚ ਆਉਣਾ ਹੈ। ਸਬੰਧਤ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਹੈ। ਵੱਧ ਤੋਂ ਵੱਧ ਸਹਾਇਤਾ ਦੇਣ ਦਾ ਪੁੱਜਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ੍ਰ. ਸੁਮਨਪ੍ਰੀਤ ਸਿੰਘ (ਸਪੁੱਤਰ ਸ੍ਰ. ਰਣਧੀਰ ਸਿੰਘ) ਨੂੰ ਧਰਮ ਅਰਥ ਫੰਡ ਵਿੱਚੋਂ 1,00,000/-ਅੱਖਰੀਂ ਇੱਕ ਲੱਖ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 93138 (T) ਮਿਤੀ 15-09-2025

ਉਤਾਰਾ: 1. ਲੇਖਾਕਾਰ ਜੀ,ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਕੁਲਵੰਤ ਸਿੰਘ ਮੰਨਣ)
ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 10-02-2025 (28 ਮਾਘ ਸੰਮਤ ਨਾਨਕਸ਼ਾਹੀ 556) ਦੇ ਮਤਾ ਨੰਬਰ 195 ਦੀ ਨਕਲ :-**

ਪ੍ਰਿੰਸੀਪਲ, ਦਸਮੇਸ਼ ਪਬਲਿਕ ਸਕੂਲ, ਗੁਰਪਲਾਹ ਸਾਹਿਬ, ਊਨਾ (ਹਿਮਾਚਲ ਪ੍ਰਦੇਸ਼) ਵੱਲੋਂ ਪੱਤ੍ਰਿਕਾ ਨੰਬਰ 200 ਮਿਤੀ 21-01-2025 ਰਾਹੀਂ ਉਕਤ ਸਕੂਲ ਦੇ ਵਿਦਿਆਰਥੀ ਅੰਕੁਸ ਪਾਸਵਾਨ (ਸਪੁੱਤਰ ਸ੍ਰੀ ਰੰਜੇ ਪਾਸਵਾਨ), ਕਲਾਸ L.K.G ਦੀ ਸਕੂਲ ਤੋਂ ਸਕੂਲ ਬੱਸ ਰਾਹੀਂ ਸਟਾਪ ਤੇ ਪਹੁੰਚਦਿਆਂ ਐਕਸੀਡੈਂਟ ਹੋ ਜਾਣ ਦੇ ਕਾਰਨ 14-15 ਦਿਨ ਇਲਾਜ ਕਰਵਾਉਣ ਦੌਰਾਨ ਬੱਚੇ ਦੀ ਮੌਤ ਹੋ ਗਈ ਸੀ। ਪਰਿਵਾਰ ਬਹੁਤ ਗਰੀਬ ਹੈ। ਬੱਚੇ ਦੇ ਇਲਾਜਪੁਰ ਕਾਫੀ ਖਰਚ ਹੋਇਆ ਹੈ। ਪ੍ਰਿੰਸੀਪਲ ਵੱਲੋਂ ਪੀੜਤ ਪਰਿਵਾਰ ਨੂੰ 1,00,000/-ਰੁਪਏ ਸਹਾਇਤਾ ਦੇਣ ਦੀ ਕੀਤੀ ਮੰਗ ਦਾ ਪੁੱਜਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਦਸਮੇਸ਼ ਪਬਲਿਕ ਸਕੂਲ, ਗੁਰਪਲਾਹ ਸਾਹਿਬ, ਊਨਾ (ਹਿਮਾਚਲ ਪ੍ਰਦੇਸ਼) ਸਕੂਲ ਦੇ ਵਿਦਿਆਰਥੀ ਅੰਕੁਸ ਪਾਸਵਾਨ ਦੀ ਐਕਸੀਡੈਂਟ ਦੇ ਕਾਰਨ ਮੌਤ ਹੋ ਜਾਣ ਕਰਕੇ, ਉਸ ਦੇ ਪਿਤਾ ਸ੍ਰੀ ਰੰਜੇ ਪਾਸਵਾਨ ਨੂੰ ਧਰਮ ਅਰਥ ਫੰਡ ਵਿੱਚੋਂ 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 23139 (T)

ਮਿਤੀ 15-02-2025

ਉਤਾਰਾ:
1. ਲੇਖਾਕਾਰ ਜੀ,ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਪ੍ਰਿੰਸੀਪਲ ਜੀ, ਦਸਮੇਸ਼ ਪਬਲਿਕ ਸਕੂਲ, ਗੁਰਪਲਾਹ ਸਾਹਿਬ, ਊਨਾ (ਹਿਮਾਚਲ ਪ੍ਰਦੇਸ਼)।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਕੁਲਵੰਤ ਸਿੰਘ ਮੰਨਣ)
ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 10-02-2025 (28 ਮਾਘ ਸੰਮਤ ਨਾਨਕਸ਼ਾਹੀ 556) ਦੇ ਮਤਾ ਨੰਬਰ 223 ਦੀ ਨਕਲ :-**

ਸ੍ਰ. ਮਨਜਿੰਦਰ ਸਿੰਘ ਸੋਖੀ (ਸਪੁੱਤਰ ਸਵ: ਸ੍ਰ.ਸੁਰਜੀਤ ਸਿੰਘ ਸੋਖੀ) ਵਾਸੀ ਗੁਰਨਾਮ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ ਵੱਲੋਂ ਆਪਣੇ ਪਿਤਾ ਸ੍ਰ. ਸੁਰਜੀਤ ਸਿੰਘ ਸੋਖੀ ਜੋ ਸ਼੍ਰੋਮਣੀ ਅਕਾਲੀ ਦਲ ਦੇ ਸਰਗਰਮ ਮੈਂਬਰ ਅਤੇ ਅਕਾਲੀ ਦਲ ਦੇ ਪ੍ਰੈੱਸ ਸਕੱਤਰ ਸਨ।ਉਨ੍ਹਾਂ ਨੇ ਸੰਨ 1984 ਦੇ ਸਾਰੇ ਭਾਰਤ ਵਿੱਚ ਹੋਏ ਸਿੱਖ ਕਤਲੇਆਮ 'ਤੇ ਕਿਤਾਬ ਲਿਖੀ ਸੀ, ਜਿਸ ਨੂੰ ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਮਾੜੇ ਆਰਥਿਕ ਹਲਾਤਾਂ ਵਿੱਚ ਗੁਜ਼ਰ ਰਹੇ ਹੋਣ ਦਾ ਹਵਾਲਾ ਦੇਂਦਿਆ ਸਹਾਇਤਾ ਲੈਣ ਦੀ ਪੁੱਜੀ ਮੰਗ ਦਾ ਮਾਮਲਾ, **ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ੍ਰ. ਮਨਜਿੰਦਰ ਸਿੰਘ ਸੋਖੀ (ਸਪੁੱਤਰ ਸਵ: ਸ੍ਰ.ਸੁਰਜੀਤ ਸਿੰਘ ਸੋਖੀ) ਨੂੰ ਧਰਮ ਅਰਥ ਫੰਡ ਵਿੱਚੋਂ 75,000/-ਅੱਖਰੀਂ ਪੱਝੰਤਰ ਹਜ਼ਾਰ ਰੁਪਏ ਕੇਵਲ ਦੀ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 93154(ਟ)

ਮਿਤੀ 15-02.-2025

ਉਤਾਰਾ: 1. ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਕੁਲਵੰਤ ਸਿੰਘ ਮੰਨਣ)
ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 10-02-2025 (28 ਮਾਘ ਸੰਮਤ ਨਾਨਕਸ਼ਾਹੀ 556) ਦੇ ਮਤਾ ਨੰਬਰ 226 ਦੀ ਨਕਲ :-**

ਭਾਈ ਗੁਰਦੀਪ ਸਿੰਘ ਖੈੜਾ ਬੰਦੀ ਸਿੰਘ (ਸਪੁੱਤਰ ਸ. ਬੰਤਾ ਸਿੰਘ) ਪਿੰਡ ਜੱਲੂਪੁਰ ਖੈੜਾ, ਸ੍ਰੀ ਅੰਮ੍ਰਿਤਸਰ ਵੱਲੋਂ ਕੌਮ ਦੀ ਖਾਤਰ 35 ਸਾਲ ਤੋਂ ਜੇਲ੍ਹ ਕੱਟ ਰਿਹਾ ਹੋਣ ਦਾ ਹਵਾਲਾ ਦੇਂਦਿਆਂ ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਮਹੀਨਾਵਾਰ ਦਿੱਤੀ ਜਾ ਰਹੀ 40,000/-ਰੁਪਏ ਸਹਾਇਤਾ ਵਿੱਚ ਵਾਧਾ ਕਰਨ ਅਤੇ ਮਕਾਨ ਦੀ ਮੁਰੰਮਤ ਕਰਵਾਉਣ ਲਈ ਵੱਧ ਤੋਂ ਵੱਧ ਸਹਾਇਤਾ ਦੇਣ ਦੀ ਕੀਤੀ ਮੰਗ ਦਾ ਪੁੱਜਾ ਮਾਮਲਾ, **ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਭਾਈ ਗੁਰਦੀਪ ਸਿੰਘ ਖੈੜਾ ਬੰਦੀ ਸਿੰਘ (ਸਪੁੱਤਰ ਸ. ਬੰਤਾ ਸਿੰਘ) ਨੂੰ ਧਰਮ ਅਰਥ ਫੰਡ ਵਿੱਚੋਂ 5,00,000/- ਅੱਖਰੀਂ ਪੰਜ ਲੱਖ ਰੁਪਏ ਕੇਵਲ ਦੀ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

**************************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 93157 (T)

ਮਿਤੀ 15-02-2025

ਉਤਾਰਾ: 1. ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਕੁਲਵੰਤ ਸਿੰਘ ਮੰਨਣ)

ਮੁੱਖ ਸਕੱਤਰ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 10-02-2025 (28 ਮਾਘ ਸੰਮਤ ਨਾਨਕਸ਼ਾਹੀ 556) ਦੇ ਮਤਾ ਨੰਬਰ 262 ਦੀ ਨਕਲ :-**

ਹਲਕਾ ਜਲਾਲਾਬਾਦ (ਜਿਲ੍ਹਾ ਫਾਜਿਲਕਾ) ਵਿਖੇ ਮਿਤੀ 31-01-2025 ਨੂੰ ਭਿਆਨਕ ਐਕਸੀਡੈਂਟ ਵਿੱਚ ਗਰੀਬ ਪਰਿਵਾਰਾਂ ਦੇ ਕੁੱਝ ਵਿਅਕਤੀਆਂ ਦੀ ਮੌਤ ਹੋ ਗਈ ਸੀ। ਸ੍ਰ. ਦਰਸ਼ਨ ਸਿੰਘ ਮੈਂਬਰ ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਇਹਨਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇਣ ਦੀ ਸਿਫਾਰਸ਼ ਕੀਤੀ ਗਈ ਹੈ ਦਾ ਮਾਮਲਾ, **ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਹੇਠ ਲਿਖੇ ਮ੍ਰਿਤਕਾ ਦੇ ਵਾਰਸਾਂ ਨੂੰ ਧਰਮ ਅਰਥ ਫੰਡ ਵਿੱਚੋਂ 20,000/-, 20,000/-ਅੱਖਰੀਂ ਵੀਹ-ਵੀਹ ਹਜ਼ਾਰ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-**

| ਸੀ:ਨੰ | ਮ੍ਰਿਤਕ | ਵਾਰਸ |
|---|---|---|
| 1 | ਲਖਨ (ਸਪੁੱਤਰ ਸ੍ਰੀ ਰਾਜੂ) ਸ਼ੰਕਰ ਬਸਤੀ, ਗੁਰੂ ਹਰਸਹਾਏ | ਮਾਲਾ (ਸੁਪਤਨੀ ਰਾਜੂ) ਮ੍ਰਿਤਕ ਦੀ ਮਾਤਾ |
| 2 | ਮੁਕੇਸ਼ (ਸਪੁੱਤਰ ਸ੍ਰੀ ਓਮ ਪ੍ਰਕਾਸ਼) ਇੰਦਰਾ ਕਲੋਨੀ ਵਾਸੀ ਗੁਰੂ ਹਰਸਹਾਏ | ਨੀਲਮ (ਸੁਪਤਨੀ ਮੁਕੇਸ਼) ਮ੍ਰਿਤਕ ਦੀ ਪਤਨੀ |
| 3 | ਵਿੱਕੀ (ਸਪੁੱਤਰ ਸ੍ਰੀ ਬੀਬਾ ਰਾਮ) ਵਾਸੀ ਬਸਤੀ ਮੱਘਰ ਸਿੰਘ ਵਾਲੀ, ਗੁਰੂ ਹਰਸਹਾਏ | ਸੋਮਾ ਰਾਣੀ (ਸੁਪਤਨੀ ਬੀਬਾ ਰਾਮ) ਮ੍ਰਿਤਕ ਦੀ ਮਾਤਾ |
| 4 | ਰਵੀ (ਸਪੁੱਤਰ ਸ੍ਰੀ ਮਾਲੋ ਰਾਮ) ਵਾਸੀ ਵਾਰਡ ਨੰ:02, ਗੁਰੂ ਹਰਸਹਾਏ | ਸ਼ਾਤੀ ਦੇਵੀ (ਸੁਪਤਨੀ ਮਾਲੋ ਰਾਮ) ਮ੍ਰਿਤਕ ਦੀ ਮਾਤਾ |
| 5 | ਜਸਵੰਤ ਸਿੰਘ (ਸਪੁੱਤਰ ਸ. ਗੁਰਮੀਤ ਸਿੰਘ) ਵਾਸੀ ਸਰੂਪ ਸਿੰਘ ਵਾਲਾ, ਗੁਰੂ ਹਰਸਹਾਏ | ਜੀਰੋ (ਸੁਪਤਨੀ ਗੁਰਮੀਤ ਸਿੰਘ) ਮ੍ਰਿਤਕ ਦੀ ਮਾਤਾ |
| 6 | ਬੱਗਾ ਸਿੰਘ (ਸਪੁੱਤਰ ਸ. ਬਲਦੇਵ ਸਿੰਘ) ਵਾਸੀ ਝੰਡੂ ਵਾਲਾ, ਗੁਰੂ ਹਰਸਹਾਏ | ਕਰਨੈਲ ਕੌਰ (ਸੁਪਤਨੀ ਬੱਗਾ ਸਿੰਘ) ਮ੍ਰਿਤਕ ਦੀ ਪਤਨੀ |
| 7 | ਚਾਂਦ (ਸਪੁੱਤਰ ਸ੍ਰੀ ਵਿਸਾਖੀ) ਵਾਸੀ ਵਾਰਡ ਨੰ:02, ਬਸਤੀ ਸ਼ੰਕਰ, ਗੁਰੂ ਹਰਸਹਾਏ | ਜੀਤੋ (ਸੁਪਤਨੀ ਸਾਵਨ ਸਿੰਘ) ਮ੍ਰਿਤਕ ਦੀ ਮਾਤਾ |
| 8 | ਮਲਕੀਤ ਸਿੰਘ (ਸਪੁੱਤਰ ਸ. ਬੂਟਾ ਸਿੰਘ) ਵਾਸੀ ਚੱਕ ਮੋਬਾਇਨ ਹਰਦੋਢੰਡੀ (ਲਾਲਚੀਆਂ) | ਮਨਜੀਤ ਕੌਰ (ਸੁਪਤਨੀ ਮਲਕੀਤ ਸਿੰਘ) ਮ੍ਰਿਤਕ ਦੀ ਪਤਨੀ |
| 9 | ਸੁਧ ਰਾਮ (ਸਪੁੱਤਰ ਸ. ਲਾਲ ਸਿੰਘ) ਪਿੰਡ ਝੰਡੂ ਵਾਲਾ, ਗੁਰੂ ਹਰਸਹਾਏ | ਸ਼ਿੰਦਰ ਕੌਰ (ਸੁਪਤਨੀ ਸੁਧ ਰਾਮ) ਮ੍ਰਿਤਕ ਦੀ ਪਤਨੀ |

---

**ਦਫਤਰ:-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

**************************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 93196(T)

ਮਿਤੀ 18-02-2025

ਉਤਾਰਾ: 1. ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਕੁਲਵੰਤ ਸਿੰਘ ਮੰਨਣ)
ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।